# ਓਨਟੈਰੀਓ ਵਿੱਚ ਵੱਸਣਾ

ਉਹ ਸਭ ਕੁਝ, ਜਿਸਦੀ ਤੁਹਾਨੂੰ ਓਨਟੈਰੀਓ ਵਿੱਚ ਆਉਣ ਅਤੇ ਵੱਸਣ ਬਾਰੇ ਜਾਣਨ ਦੀ ਲੋੜ ਹੈ।

## ਇਸ ਪੰਨੇ 'ਤੇ


1. Open a bank account (ਇੱਕ ਬੈਂਕ ਖਾਤਾ ਖੋਲ੍ਹੋ)
2. Find housing (ਘਰ ਲੱਭੋ)
3. Learn English and French (ਅੰਗਰੇਜ਼ੀ ਅਤੇ ਫ੍ਰਾਂਸੀਸੀ ਸਿੱਖੋ)
4. Find a job (ਨੌਕਰੀ ਲੱਭੋ)
5. Enrol your children in school (ਆਪਣੇ ਬੱਚਿਆਂ ਨੂੰ ਸਕੂਲ ਵਿੱਚ ਦਾਖ਼ਲ ਕਰਵਾਓ)
6. Find child care (ਬਾਲ ਦੇਖਭਾਲ ਪ੍ਰਾਪਤ ਕਰੋ)
7. Get health care (ਸਿਹਤ ਦੇਖਭਾਲ ਪ੍ਰਾਪਤ ਕਰੋ)
8. Get a driver's licence (ਡ੍ਰਾਈਵਿੰਗ ਲਸੰਸ ਪ੍ਰਾਪਤ ਕਰੋ)
9. Transportation (ਟ੍ਰਾਂਸਪੋਰਟੇਸ਼ਨ)
10. Who to call during an emergency (ਐਮਰਜੈਂਸੀ ਦੀ ਸਥਿਤੀ ਵਿੱਚ ਕਿਸਨੂੰ ਫੋਨ ਕੀਤਾ ਜਾਏ)


---

## ਬੈਂਕ ਖਾਤਾ ਖੋਲ੍ਹੋ

ਬੈਂਕ ਖਾਤਾ ਤੁਹਾਡੇ ਪੈਸੇ ਨੂੰ ਸੰਭਾਲਣਾ ਅਸਾਨ ਬਣਾਉਂਦਾ ਹੈ ਅਤੇ ਇਸਨੂੰ ਸੁਰੱਖਿਅਤ ਰੱਖਦਾ ਹੈ।

ਤੁਸੀਂ ਤਦ ਵੀ ਬੈਂਕ ਖਾਤਾ ਖੋਲ੍ਹ ਸਕਦੇ ਹੋ, ਭਾਵੇਂ ਤੁਹਾਡੇ ਕੋਲ ਕੋਈ ਪਤਾ, ਨੌਕਰੀ ਜਾਂ ਤੁਰੰਤ ਖਾਤੇ ਵਿੱਚ ਰੱਖਣ ਲਈ ਪੈਸਾ ਨਹੀਂ ਹੈ।

ਖਾਤਾ ਖੋਲ੍ਹਣ ਲਈ:

1. acceptable, original identification (ਸਵੀਕਾਰਯੋਗ, ਅਸਲੀ ਪਛਾਣ) ਦੇ **ਘੱਟੋ-ਘੱਟ ਦੋ ਸੈੱਟ** ਪ੍ਰਾਪਤ ਕਰੋ (**ਬੈਂਕ ਫੋਟੋਕਾਪੀਆਂ ਸਵੀਕਾਰ ਨਹੀਂ ਕਰੇਗਾ**)
2. ਬੈਂਕ ਚੁਣੋ
3. ਖੁਦ ਬੈਂਕ ਵਿੱਚ ਜਾਓ
4. ਉਹਨਾਂ ਨੂੰ ਦੱਸੋ ਕਿ ਤੁਸੀਂ ਇੱਕ ਨਵਾਂ ਖਾਤਾ ਖੋਲ੍ਹਣਾ ਚਾਹੁੰਦੇ ਹੋ

ਜਦੋਂ ਖਾਤਾ ਖੁੱਲ੍ਹ ਜਾਏ, ਤਾਂ **ਚੈੱਕ ਬੁੱਕ ਦੀ ਬੇਨਤੀ ਜ਼ਰੂਰ ਕਰੋ।** ਤੁਹਾਨੂੰ ਬਾਅਦ ਵਿੱਚ ਘਰ ਲਈ ਡਿਪੋਜਿਟ ਦੇਣ ਜਾਂ ਕਿਰਾਏ ਦਾ ਭੁਗਤਾਨ ਕਰਨ ਲਈ ਇਸਦੀ ਲੋੜ ਹੋ ਸਕਦੀ ਹੈ।

ਇਹਨਾਂ ਬਾਰੇ ਹੋਰ ਜਾਣੋ:

- how to open a bank account (ਬੈਂਕ ਖਾਤਾ ਕਿਵੇਂ ਖੋਲ੍ਹਿਆ ਜਾਏ)
- your rights and responsibilities when dealing with banks (ਬੈਂਕਾਂ ਨਾਲ ਲੈਣ-ਦੇਣ ਕਰਦੇ ਸਮੇਂ ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ)

---

# ਘਰ ਲੱਭੋ

ਜਦੋਂ ਤੱਕ ਤੁਹਾਨੂੰ ਰਹਿਣ ਲਈ ਵੱਧ ਸਥਾਈ ਥਾਂ ਨਹੀਂ ਮਿਲਦੀ, ਤਦ ਤੱਕ ਤੁਸੀਂ ਕਿਰਾਏ 'ਤੇ ਰਹਿਣ, ਘਰ ਖਰੀਦਣ ਜਾਂ ਐਮਰਜੈਂਸੀ ਘਰ ਦੀ ਚੋਣ ਕਰ ਸਕਦੇ ਹੋ।

## ਐਮਰਜੈਂਸੀ ਘਰ

ਜੇਕਰ ਤੁਹਾਨੂੰ ਐਮਰਜੈਂਸੀ ਘਰ ਲੱਭਣ ਵਿੱਚ ਮਦਦ ਦੀ ਲੋੜ ਹੈ, ਤਾਂ ਇਹਨਾਂ ਵਿੱਚੋਂ ਇੱਕ 'ਤੇ ਜਾਓ:

1. Settlement.org
2. Housing Help Association of Ontario (ਹਾਊਸਿੰਗ ਹੈਲਪ ਐਸੋਸੀਏਸ਼ਨ ਆਫ ਓਨਟੈਰੀਓ) ਔਨਲਾਈਨ, ਜਾਂ ਇਹਨਾਂ ਦੁਆਰਾ:
   - ਫੋਨ: 905-526-8100
   - email (ਈਮੇਲ)

## ਕਿਰਾਏ 'ਤੇ ਲੈਣਾ

ਓਨਟੈਰੀਓ ਵਿੱਚ ਕਿਰਾਏ ਦਾ ਘਰ ਲੱਭਣ ਲਈ ਕਈ ਥਾਵਾਂ ਹਨ, ਜਿਹਨਾਂ ਵਿੱਚ ਸ਼ਾਮਲ ਹਨ:

- ਇੰਟਰਨੈੱਟ 'ਤੇ ਅਤੇ ਕਿਰਾਏ ਦੇ ਘਰ ਸਬੰਧੀ ਪ੍ਰਕਾਸ਼ਨਾਂ ਵਿੱਚ ਵਰਗੀਕ੍ਰਿਤ ਭਾਗਾਂ ਵਿੱਚ ਖੋਜਣਾ
- ਕਿਸੇ ਰੀਅਲ ਇਸਟੇਟ ਏਜੰਟ ਨਾਲ ਗੱਲ ਕਰਨਾ
- ਕਰਿਆਨਾ ਸਟੋਰਾਂ, ਲਾਇਬ੍ਰੇਰੀਆਂ, ਮਸ਼ੀਨ ਧੁਲਾਈ ਘਰਾਂ, ਸਿਹਤ ਕਲੀਨਿਕਾਂ, ਕਿਫਾਇਤੀ ਸਟੋਰਾਂ, ਭਾਈਚਾਰਕ ਕੇਂਦਰਾਂ, ਸੇਵਾ ਕਲੱਬਾਂ ਜਾਂ ਰੀਅਲ ਇਸਟੇਟ ਦਫ਼ਤਰਾਂ ਵਿੱਚ ਬੁਲੇਟਿਨ ਬੋਰਡਾਂ 'ਤੇ ਖੋਜਣਾ
- ਰਿਸ਼ਤੇਦਾਰਾਂ ਜਾਂ ਸਹਿਯੋਗੀਆਂ ਨਾਲ ਗੱਲ ਕਰਨਾ

ਜੇਕਰ ਤੁਸੀਂ ਕਿਰਾਏ ਦਾ ਘਰ ਲੈਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ ਇਹ ਕਰਨਾ ਪਵੇਗਾ:

1. ਇੱਕ ਕਿਰਾਇਆ ਅਰਜ਼ੀ ਫਾਰਮ ਭਰ ਕੇ ਮਕਾਨ ਮਾਲਕ ਨੂੰ ਦਿਓ
2. ਇੱਕ ਲੀਜ਼ ਇਕਰਾਰਨਾਮੇ 'ਤੇ ਦਸਤਖ਼ਤ ਕਰੋ, ਇਹ ਤੁਹਾਡੇ ਅਤੇ ਤੁਹਾਡੇ ਮਕਾਨ ਮਾਲਕ ਦੇ ਵਿਚਕਾਰ ਇੱਕ ਕਨੂੰਨੀ ਇਕਰਾਰਨਾਮਾ ਹੈ, ਜਿਸ ਵਿੱਚ ਸ਼ਾਮਲ ਹੈ ਕਿ ਤੁਹਾਡਾ ਕਿਰਾਇਆ ਕਿੰਨਾ ਹੋਵੇਗਾ ਅਤੇ ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ ਕੀ ਹੋਣਗੀਆਂ
3. ਇੱਕ ਡਿਪੋਜਿਟ ਦੇਣਾ, ਆਮ ਤੌਰ 'ਤੇ ਚੈੱਕ ਜਾਂ ਮਨੀ ਆਰਡਰ ਦੇ ਰੂਪ ਵਿੱਚ, ਜੋ ਪਹਿਲੇ ਅਤੇ ਆਖ਼ਰੀ ਮਹੀਨੇ ਦੇ ਕਿਰਾਏ ਦੀ ਕੀਮਤ ਸ਼ਾਮਲ ਹੁੰਦੀ ਹੈ
4. ਮਕਾਨ ਮਾਲਕ ਨੂੰ ਆਪਣੇ ਮਾਸਿਕ ਕਿਰਾਏ ਦਾ ਭੁਗਤਾਨ ਸਮੇਂ ਸਿਰ ਕਰੋ (ਆਮ ਤੌਰ 'ਤੇ ਚੈੱਕ ਦੇ ਰੂਪ ਵਿੱਚ)

ਇਹਨਾਂ ਬਾਰੇ ਹੋਰ ਜਾਣੋ:

- renting your first home in Canada (ਕੈਨੇਡਾ ਵਿੱਚ ਤੁਹਾਡਾ ਪਹਿਲਾ ਘਰ ਕਿਰਾਏ 'ਤੇ ਲੈਣਾ) (PDF)
- how much it costs to rent an apartment in Ontario (ਓਨਟੈਰੀਓ ਵਿੱਚ ਇੱਕ ਅਪਾਰਟਮੈਂਟ ਦਾ ਕਿੰਨਾ ਕਿਰਾਇਆ ਹੈ)
- your rights as a tenant in Ontario (ਓਨਟੈਰੀਓ ਵਿੱਚ ਕਿਰਾਏਦਾਰ ਦੇ ਤੌਰ 'ਤੇ ਤੁਹਾਡੇ ਹੱਕ)

## ਘਰ ਖਰੀਦਣਾ

ਕੈਨੇਡਾ ਵਿੱਚ, ਘਰ ਖਰੀਦਣਾ Canada Mortgage and Housing Corporation (ਕੈਨੇਡਾ ਮੋਰਗੇਜ ਐਂਡ ਹਾਉਸਿੰਗ ਕਾਰਪੋਰੇਸ਼ਨ) ਵੱਲੋਂ ਨਿਯੰਤਰਿਤ ਹੈ।

ਜੇਕਰ ਤੁਸੀਂ ਘਰ ਖਰੀਦਣ ਦੀ ਚੋਣ ਕਰਦੇ ਹੋ, ਤਾਂ ਤੁਹਾਨੂੰ **ਇਹਨਾਂ ਵਿੱਚੋਂ ਇੱਕ** ਕਰਨਾ ਹੋਵੇਗਾ:

- ਘਰ ਦੀ ਪੂਰੀ ਕੀਮਤ ਦਾ ਭੁਗਤਾਨ ਕਰੋ, ਸਾਰੀਆਂ ਫੀਸਾਂ ਅਤੇ ਟੈਕਸਾਂ ਸਮੇਤ
- ਘਰ ਲਈ ਭੁਗਤਾਨ ਕਰਨ **ਅਤੇ** ਇਹਨਾਂ ਨੂੰ ਕਵਰ ਕਰਨ ਲਈ ਪੂਰਾ ਪੈਸਾ ਰੱਖਣ ਲਈ ਬੈਂਕ ਤੋਂ ਕਰਜ਼ ਲਓ:
  - ਘਰ ਦੀ ਡਾਊਨ ਪੇਮੈਂਟ
  - ਸਾਰੀਆਂ ਫੀਸਾਂ ਅਤੇ ਟੈਕਸ

ਇਹਨਾਂ ਬਾਰੇ ਹੋਰ ਜਾਣੋ:

- home-buying in Canada (ਕੈਨੇਡਾ ਵਿੱਚ ਘਰ ਖਰੀਦਣਾ)
- what to know before buying a home in Ontario (ਓਨਟੈਰੀਓ ਵਿੱਚ ਘਰ ਖਰੀਦਣ ਤੋਂ ਪਹਿਲਾਂ ਕੀ ਜਾਣਨ ਦੀ ਲੋੜ ਹੈ)

## ਅੰਗਰੇਜ਼ੀ ਅਤੇ ਫ੍ਰਾਂਸੀਸੀ ਸਿੱਖੋ

ਤੁਹਾਡੇ ਵੱਲੋਂ ਓਨਟੈਰੀਓ ਆਉਣ ਤੋਂ ਪਹਿਲਾਂ ਅਤੇ ਬਾਅਦ ਵਿੱਚ test or improve your English and French language skills (ਤੁਹਾਡੀਆਂ ਅੰਗਰੇਜ਼ੀ ਅਤੇ ਫ੍ਰਾਂਸੀਸੀ ਭਾਸ਼ਾ ਦੀਆਂ ਕੁਸ਼ਲਤਾਵਾਂ ਦਾ ਟੈਸਟ ਲੈਣ ਜਾਂ ਉਹਨਾਂ ਨੂੰ ਬਿਹਤਰ ਬਣਾਉਣ) ਦੇ ਸਬੰਧ ਵਿੱਚ ਤੁਹਾਡੀ ਮਦਦ ਲਈ ਕਈ ਪ੍ਰੋਗਰਾਮ ਉਪਲਬਧ ਹਨ।

## ਨੌਕਰੀ ਲੱਭੋ

ਸਰਕਾਰ ਵੱਲੋਂ ਫੰਡਿਡ ਕਈ ਪ੍ਰੋਗਰਾਮ, ਭਾਈਚਾਰਕ ਕੇਂਦਰ ਅਤੇ settlement agencies (ਸਥਾਪਨ ਏਜੰਸੀਆਂ) ਹਨ, ਜੋ ਇਹਨਾਂ ਕੰਮਾਂ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ:

- ਕੰਮ ਲੱਭਣ ਵਿੱਚ
- ਤੁਹਾਡੇ ਰਿਜ਼ਊਮੇ ਅਤੇ ਇੰਟਰਵਿਊ ਸਬੰਧੀ ਕੁਸ਼ਲਤਾਵਾਂ ਨੂੰ ਬਿਹਤਰ ਬਣਾਉਣ ਵਿੱਚ
- ਤੁਹਾਡੇ ਲਈ ਸਫਲ ਹੋਣ ਲਈ ਲੋੜੀਂਦੇ ਕੈਨੇਡਿਅਨ ਅਨੁਭਵ ਅਤੇ ਕੁਸ਼ਲਤਾਵਾਂ ਪ੍ਰਾਪਤ ਕਰਨ ਵਿੱਚ

jobs and employment in Ontario (ਓਨਟੈਰੀਓ ਵਿੱਚ ਨੌਕਰੀਆਂ ਅਤੇ ਰੋਜ਼ਗਾਰ) ਬਾਰੇ ਹੋਰ ਜਾਣੋ:

## ਆਪਣੇ ਬੱਚੇ ਨੂੰ ਸਕੂਲ ਵਿੱਚ ਦਾਖ਼ਲ ਕਰਵਾਓ

ਓਨਟੈਰੀਓ ਵਿੱਚ:

- **6-18 ਸਾਲ ਦੀ ਉਮਰ ਵਾਲੇ ਸਾਰੇ ਬੱਚਿਆਂ ਲਈ ਸਕੂਲ ਜਾਣਾ ਲਾਜ਼ਮੀ ਹੈ** (ਭਾਵੇਂ ਜਨਤਕ ਰੂਪ ਨਾਲ ਫੰਡ-ਪ੍ਰਾਪਤ, ਪ੍ਰਾਈਵੇਟ ਜਾਂ ਹੋਮ ਸਕੂਲ ਹੋਵੇ)
- ਜ਼ਿਆਦਾਤਰ ਬੱਚੇ ਜਨਤਕ ਰੂਪ ਨਾਲ ਫੰਡ-ਪ੍ਰਾਪਤ ਸਕੂਲ ਵਿੱਚ ਮੁਫ਼ਤ ਪੜ੍ਹਾਈ ਕਰ ਸਕਦੇ ਹਨ, ਭਾਵੇਂ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਜਾਂ ਉਹਨਾਂ ਦੇ ਮਾਪਿਆਂ ਦੀ ਸਥਿਤੀ ਜੋ ਵੀ ਹੋਵੇ (ਹੋਰ ਖ਼ਾਸ ਜਾਣਕਾਰੀ ਲਈ ਆਪਣੇ ਸਥਾਨਕ school board (ਸਕੂਲ ਬੋਰਡ) ਨੂੰ ਸੰਪਰਕ ਕਰੋ)
- ਪ੍ਰਾਈਵੇਟ ਸਕੂਲ ਪੜ੍ਹਾਈ ਲਈ ਫੀਸ ਜਾਂ ਟਿਊਸ਼ਨ ਫੀਸ ਲੈਂਦੇ ਹਨ

### ਪਬਲਿਕ ਸਕੂਲ

ਜਨਤਕ ਰੂਪ ਨਾਲ ਫੰਡ-ਪ੍ਰਾਪਤ ਸਿੱਖਿਆ ਪ੍ਰਣਾਲੀ ਨੂੰ ਤਿੰਨ ਚਰਨਾਂ ਵਿੱਚ ਵੰਡਿਆ ਗਿਆ ਹੈ:

1. **Elementary school (ਐਲੀਮੈਂਟਰੀ ਸਕੂਲ)**
    - ਅੰਗਰੇਜ਼ੀ, ਫ੍ਰਾਂਸੀਸੀ ਅਤੇ/ਜਾਂ ਕੈਥੋਲਿਕ ਸਿੱਖਿਆ ਦਾ ਵਿਕਲਪ
    - ਆਮ ਤੌਰ 'ਤੇ ਕਿੰਡਰਗਾਰਟਨ ਵਿੱਚ ਸ਼ੁਰੂ ਹੋ ਕੇ ਗ੍ਰੇਡ 8 ਵਿੱਚ ਖ਼ਤਮ ਹੁੰਦਾ ਹੈ
    - ਵਿਦਿਆਰਥੀ ਇਹ ਕਰਨਗੇ:
        - ਪੜ੍ਹਨ, ਲਿਖਣ ਅਤੇ ਗਣਿਤ ਦੇ ਬੁਨਿਆਦੀ ਤੱਥ ਸਿੱਖਣਗੇ ਅਤੇ ਸਮਝਣਗੇ
2. **Secondary school (ਸੈਕੰਡਰੀ ਸਕੂਲ)**
    - ਅੰਗਰੇਜ਼ੀ, ਫ੍ਰਾਂਸੀਸੀ ਅਤੇ/ਜਾਂ ਕੈਥੋਲਿਕ ਸਿੱਖਿਆ ਦਾ ਵਿਕਲਪ
    - ਆਮ ਤੌਰ 'ਤੇ ਗ੍ਰੇਡ 9 ਵਿੱਚ ਸ਼ੁਰੂ ਹੋ ਕੇ ਗ੍ਰੇਡ 12 ਵਿੱਚ ਖ਼ਤਮ ਹੁੰਦਾ ਹੈ
    - ਵਿਦਿਆਰਥੀ ਇਹ ਕਰਨਗੇ:
        - ਆਪਣੀਆਂ ਰੁਚੀਆਂ ਅਤੇ ਗ੍ਰੈਜੂਏਸ਼ਨ ਅਤੇ ਇਸਤੋਂ ਅੱਗੇ ਦੀ ਤਿਆਰੀ ਧਿਆਨ ਕੇਂਦਰਿਤ ਕਰਨਗੇ
3. **Post-secondary school (ਪੋਸਟ-ਸੈਕੰਡਰੀ ਸਕੂਲ)**
    - ਹਰ ਉਮਰ ਦੇ ਕਾਲੇਜ, ਯੂਨੀਵਰਸਿਟੀ ਅਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਲਈ
    - ਤੁਹਾਨੂੰ **ਆਪਣੀ ਟਿਊਸ਼ਨ ਅਤੇ ਕਿਤਾਬਾਂ ਲਈ ਭੁਗਤਾਨ ਕਰਨਾ ਪਵੇਗਾ** ਪਰੰਤੂ ਤੁਸੀਂ ਓਨਟੈਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ (Ontario Student Assistance Program) (ਓ.ਐਸ.ਏ.ਪੀ.) (OSAP) ਦੁਆਰਾ apply for grants and loans to help you pay for university or college (ਯੂਨੀਵਰਸਿਟੀ ਜਾਂ ਕਾਲੇਜ ਨੂੰ ਭੁਗਤਾਨ ਕਰਨ ਵਿੱਚ ਤੁਹਾਡੀ ਮਦਦ ਲਈ ਅਨੁਦਾਨ ਅਤੇ ਕਰਜ਼ ਲਈ ਅਰਜ਼ੀ) ਦੇ ਸਕਦੇ ਹੋ

ਇਹਨਾਂ ਬਾਰੇ ਹੋਰ ਜਾਣੋ:

- how to enrol your child in school (ਸਕੂਲ ਵਿੱਚ ਆਪਣੇ ਬੱਚੇ ਦਾ ਦਾਖ਼ਲਾ ਕਿਵੇਂ ਕਰਵਾਇਆ ਜਾਏ)
- find elementary and secondary schools in your community (ਤੁਹਾਡੇ ਭਾਈਚਾਰੇ ਵਿੱਚ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਲੱਭਣਾ)
- full-day kindergarten for children aged 4 and 5 (4 ਅਤੇ 5 ਸਾਲ ਦੀ ਉਮਰ ਦੇ ਬੱਚਿਆਂ ਲਈ ਫੁਲ-ਡੇ ਕਿੰਡਰਗਾਰਟਨ)
- key dates in the school year, including holidays (ਸਕੂਲ ਵਰ੍ਹੇ ਵਿੱਚ ਮਹੱਤਵਪੂਰਨ ਮਿਤੀਆਂ, ਛੁੱਟੀਆਂ ਸਮੇਤ) (ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਲਈ)
- going to college or university in Ontario (ਓਨਟੈਰੀਓ ਵਿੱਚ ਕਾਲੇਜ ਜਾਂ ਯੂਨੀਵਰਸਿਟੀ ਵਿੱਚ ਜਾਣਾ)

## ਪ੍ਰਾਈਵੇਟ ਸਕੂਲ

**ਸਰਕਾਰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਈ ਲਈ ਭੁਗਤਾਨ ਨਹੀਂ ਕਰਦੀ।** ਤੁਹਾਨੂੰ ਇਸ ਲਈ ਖੁਦ ਭੁਗਤਾਨ ਕਰਨਾ ਪਵੇਗਾ।

ਪ੍ਰਾਈਵੇਟ ਸਕੂਲਾਂ ਬਾਰੇ ਹੋਰ ਜਾਣੋ:

- elementary and secondary schools (ਐਲੀਮੈਂਟਰੀ ਅਤੇ ਸੈਕੰਡਰੀ ਸਕੂਲ)
- post-secondary schools (ਪੋਸਟ-ਸੈਕੰਡਰੀ ਸਕੂਲ)
- career colleges (ਕੈਰੀਅਰ ਕਾਲੇਜ)

ਕੁਝ ਪ੍ਰਾਈਵੇਟ ਕੈਰੀਅਰ ਕਾਲੇਜਾਂ ਨੂੰ ਓ.ਐਸ.ਏ.ਪੀ. ਲਈ ਮਨਜ਼ੂਰੀ ਮਿਲੀ ਹੋਈ ਹੈ (ਸਕੂਲ ਲਈ ਭੁਗਤਾਨ ਕਰਨ ਵਿੱਚ ਮਦਦ)। Find out if your school is approved (ਪਤਾ ਕਰੋ ਕਿ ਤੁਹਾਡੇ ਸਕੂਲ ਨੂੰ ਮਨਜ਼ੂਰੀ ਮਿਲੀ ਹੋਈ ਹੈ ਜਾਂ ਨਹੀਂ)।

---

## ਬਾਲ ਦੇਖਭਾਲ ਪ੍ਰਾਪਤ ਕਰੋ

ਓਨਟੈਰੀਓ ਵਿੱਚ, ਤੁਹਾਡੇ ਲਈ 2 ਪ੍ਰਕਾਰ ਦੀ ਬਾਲ ਦੇਖਭਾਲ ਉਪਲਬਧ ਹੈ:

1. ਲਸੰਸਸ਼ੁਦਾ – ਸਰਕਾਰ ਵੱਲੋਂ ਨਿਯੰਤਰਿਤ
2. ਲਸੰਸ-ਰਹਿਤ – ਸਰਕਾਰ ਵੱਲੋਂ ਨਿਯੰਤਰਿਤ ਨਹੀਂ

ਲਸੰਸਸ਼ੁਦਾ ਬਾਲ ਦੇਖਭਾਲ ਥਾਵਾਂ ਲਈ ਉਡੀਕ ਸੂਚੀਆਂ ਹੋ ਸਕਦੀਆਂ ਹਨ, ਇਸਲਈ ਜਿੰਨੀ ਜਲਦੀ ਹੋ ਸਕੇ, ਖੋਜਣਾ ਸ਼ੁਰੂ ਕਰੋ।

Find licensed childcare in your community (ਆਪਣੇ ਭਾਈਚਾਰੇ ਵਿੱਚ ਲਸੰਸਸ਼ੁਦਾ ਬਾਲ ਦੇਖਭਾਲ ਪ੍ਰਾਪਤ ਕਰੋ)

ਇਹਨਾਂ ਬਾਰੇ ਹੋਰ ਜਾਣੋ:

- how to choose quality child care and questions to ask your child care provider (ਚੰਗੀ ਦੇਖਭਾਲ ਦੀ ਚੋਣ ਕਿਵੇਂ ਕੀਤੀ ਜਾਏ ਅਤੇ ਤੁਹਾਡੇ ਬਾਲ ਦੇਖਭਾਲ ਪ੍ਰਦਾਤਾ ਤੋਂ ਪੁੱਛਣ ਲਈ ਸਵਾਲ)
- all of the types of child care available to you (ਤੁਹਾਡੇ ਲਈ ਉਪਲਬਧ ਬਾਲ ਦੇਖਭਾਲ ਦੇ ਸਾਰੇ ਪ੍ਰਕਾਰ)
- child care resources from Settlement.org ( Settlement.org ਤੋਂ ਬਾਲ ਦੇਖਭਾਲ ਵਸੀਲੇ)

# ਸਿਹਤ ਦੇਖਭਾਲ ਪ੍ਰਾਪਤ ਕਰੋ

**ਜੇਕਰ ਇਹ ਐਮਰਜੈਂਸੀ ਸਥਿਤੀ ਹੈ** ਅਤੇ ਤੁਹਾਡੇ ਕੋਲ ਓ.ਐਚ.ਆਈ.ਪੀ. (OHIP) ਕਾਰਡ ਨਹੀਂ ਹੈ, ਤਾਂ ਆਪਣੇ ਫੋਨ ਤੋਂ **911** 'ਤੇ ਫੋਨ ਕਰੋ **ਜਾਂ ਆਪਣੇ ਨਜਦੀਕੀ ਹਸਪਤਾਲ ਜਾਓ।**

ਓ.ਐਚ.ਆਈ.ਪੀ. (ਓਨਟੈਰੀਓ ਸਿਹਤ ਬੀਮਾ ਪਲਾਨ) ਓਨਟੈਰੀਓ ਦਾ ਸਿਹਤ ਦੇਖਭਾਲ ਪਲਾਨ ਹੈ। ਓ.ਐਚ.ਆਈ.ਪੀ. ਦੁਆਰਾ, ਸੂਬਾ ਉਹਨਾਂ ਸਿਹਤ ਸੇਵਾਵਾਂ ਵਿੱਚੋਂ ਕਈ ਲਈ ਭੁਗਤਾਨ ਕਰਦਾ ਹੈ, ਜਿਹਨਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ।

ਤੁਹਾਨੂੰ ਇੱਕ ਓਨਟੈਰੀਓ ਸਿਹਤ ਕਾਰਡ ਲਈ ਅਰਜ਼ੀ ਦੇਣ ਦੀ ਲੋੜ ਹੈ, ਜੋ ਪ੍ਰਮਾਣਿਤ ਕਰਦੀ ਹੈ ਕਿ ਤੁਹਾਨੂੰ ਓ.ਐਚ.ਆਈ.ਪੀ. ਵੱਲੋਂ ਕਵਰ ਕੀਤਾ ਹੋਇਆ ਹੈ। ਤੁਹਾਨੂੰ ਆਪਣੇ ਡਾਕਟਰ ਨੂੰ ਮਿਲਣ, ਐਮਰਜੈਂਸੀ ਰੂਮ ਵਿੱਚ ਜਾਣ, ਡਾਕਟਰੀ ਜਾਂਚ ਕਰਵਾਉਣ ਜਾਂ ਸਰਜਰੀ ਲਈ ਜਾਣ ਦੇ ਸਮੇਂ ਹਰ ਵਾਰ ਆਪਣਾ ਸਿਹਤ ਕਾਰਡ ਦਿਖਾਉਣਾ ਪਵੇਗਾ।

**ਆਮ ਤੌਰ 'ਤੇ, ਓਨਟੈਰੀਓ ਸਿਹਤ ਬੀਮਾ ਪਲਾਨ (Ontario Health Insurance Plan) (ਓ.ਐਚ.ਆਈ.ਪੀ.) ਕਵਰੇਜ ਲਈ ਤਿੰਨ-ਮਹੀਨੇ ਦੀ ਉਡੀਕ ਮਿਆਦ ਹੁੰਦੀ ਹੈ।** ਯਕੀਨੀ ਬਣਾਓ ਕਿ ਤੁਹਾਡੇ ਕੋਲ ਇਸ ਉਡੀਕ ਮਿਆਦ ਦੇ ਦੌਰਾਨ ਆਪਣੀਆਂ ਸਿਹਤ ਦੇਖਭਾਲ ਸਬੰਧੀ ਲੋੜਾਂ ਨੂੰ ਕਵਰ ਕਰਨ ਲਈ ਪ੍ਰਾਈਵੇਟ ਸਿਹਤ ਬੀਮਾ ਹੈ।

ਸੁਰੱਖਿਅਤ ਕੀਤੇ ਵਿਅਕਤੀਆਂ (ਕਨਵੈਨਸ਼ਨ ਸ਼ਰਨਾਰਥੀ ਅਤੇ ਸੁਰੱਖਿਆ ਲਈ ਲੋੜਵੰਦ ਦੂਜੇ ਵਿਅਕਤੀ) ਨੂੰ ਤਿੰਨ ਮਹੀਨੇ ਦੀ ਉਡੀਕ ਮਿਆਦ ਤੋਂ ਛੋਟ ਪ੍ਰਾਪਤ ਹੈ।

ਅਰਜ਼ੀ ਦੇਣ ਲਈ:

1. ਇੱਕ ਅਰਜ਼ੀ ਫਾਰਮ ਪ੍ਰਾਪਤ ਕਰੋ:
   - online (ਔਨਲਾਈਨ)
   - ਜਾਂ your local Service Ontario OHIP Office (ਆਪਣੇ ਸਥਾਨਕ ਸਰਵਿਸ ਓਨਟੈਰੀਓ ਓ.ਐਚ.ਆਈ.ਪੀ. ਦਫ਼ਤਰ) ਤੋਂ
2. ਉਹ ਸਾਰੇ documents you need (ਦਸਤਾਵੇਜ਼, ਜਿਹਨਾਂ ਦੀ ਤੁਹਾਨੂੰ ਲੋੜ ਹੈ), ਇਕੱਤਰ ਕਰੋ
3. ਫਾਰਮ ਭਰਕੇ ਇਸਨੂੰ your local Service Ontario OHIP Office (ਆਪਣੇ ਸਥਾਨਕ ਸਰਵਿਸ ਓਨਟੈਰੀਓ ਓ.ਐਚ.ਆਈ.ਪੀ. ਦਫ਼ਤਰ) ਵਿੱਚ ਖੁਦ ਜਾ ਕੇ ਦਿਓ

ਤੁਹਾਡੇ ਕੋਲ ਲੋੜੀਂਦੇ ਦਸਤਾਵੇਜ਼ ਹੋਣ ਤੋਂ ਬਾਅਦ ਤੁਸੀਂ ਤੁਰੰਤ ਅਰਜ਼ੀ ਦੇ ਸਕਦੇ ਹੋ। ਹਾਲਾਂਕਿ, ਜਦੋਂ ਤੱਕ ਤੁਸੀਂ – 3-month waiting period (3-ਮਹੀਨੇ ਦੀ ਉਡੀਕ ਮਿਆਦ) ਤੋਂ ਬਾਅਦ ਯੋਗ ਨਹੀਂ ਹੋ ਜਾਂਦੇ, ਤੁਹਾਨੂੰ ਹੈਲਥ ਕਾਰਡ ਨਹੀਂ ਮਿਲੇਗਾ।

ਮੁੜ ਆਬਾਦ ਹੋਏ ਸ਼ਰਨਾਰਥੀ ਅਤੇ ਮਨੁੱਖਤਾਵਾਦੀ ਕਾਰਨਾਂ ਲਈ ਮੁੜ ਆਬਾਦ ਹੋਏ ਹੋਰ ਵਿਅਕਤੀ ਓਨਟੈਰੀਓ ਪਹੁੰਚਣ 'ਤੇ ਤੁਰੰਤ ਓ.ਐਚ.ਆਈ.ਪੀ. ਕਵਰੇਜ ਲਈ ਪਾਤਰ ਹਨ। ਸ਼ਰਨਾਰਥੀ ਦਾਅਵੇਦਾਰ, ਸੁਰੱਖਿਅਤ ਕੀਤੇ ਵਿਅਕਤੀ, ਮਨੁੱਖੀ ਵਪਾਰ ਦੇ ਸ਼ਿਕਾਰ ਅਤੇ ਕੁਝ ਹੋਰ ਵਿਅਕਤੀ, ਜੋ ਓ.ਐਚ.ਆਈ.ਪੀ. ਲਈ ਪਾਤਰ ਨਹੀਂ ਹਨ, ਉਹ

Interim Federal Health Program (IFH) (ਅੰਤਰਿਮ ਸੰਘੀ ਸਿਹਤ ਪ੍ਰੋਗਰਾਮ (ਆਈ.ਐਫ.ਐਚ.) ਦੇ ਅਧੀਨ ਸੀਮਿਤ ਬੁਨਿਆਦੀ ਸਿਹਤ ਦੇਖਭਾਲ ਫ਼ਾਇਦੇ ਪ੍ਰਾਪਤ ਕਰਦੇ ਹਨ।

ਇਹਨਾਂ ਬਾਰੇ ਹੋਰ ਜਾਣੋ:

- how to apply for an Ontario health card (ਓਨਟੈਰੀਓ ਹੈਲਥ ਕਾਰਡ ਲਈ ਅਰਜ਼ੀ ਕਿਵੇਂ ਦੇਣੀ ਹੈ)
- what services are covered by OHIP (ਓ.ਐਚ.ਆਈ.ਪੀ. ਵੱਲੋਂ ਕਿਹੜੀਆਂ ਸੇਵਾਵਾਂ ਕਵਰ ਕੀਤੀਆਂ ਜਾਂਦੀਆਂ ਹਨ)
- how to find a family doctor or nurse practitioner (ਇੱਕ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟਿਸ਼ਨਰ ਕਿਵੇਂ ਲੱਭੀਏ)
- Mental Health Helpline (ਮਾਨਸਿਕ ਸਿਹਤ ਹੈਲਪਲਾਈਨ)
- buying private health insurance for immigrants, newcomers and visitors (ਇਮੀਗ੍ਰੈਂਟਸ, ਨਵੇਂ ਆਉਣ ਵਾਲਿਆਂ ਅਤੇ ਵਿਜ਼ੀਟਰਾਂ ਲਈ ਪ੍ਰਾਈਵੇਟ ਸਿਹਤ ਬੀਮਾ ਖਰੀਦਣਾ)
- Health benefits under the Interim Federal Health Program (ਅੰਤਰਿਮ ਸੰਘੀ ਸਿਹਤ ਪ੍ਰੋਗਰਾਮ ਦੇ ਅਧੀਨ ਸਿਹਤ ਫ਼ਾਇਦੇ) - https://www.canada.ca/en/immigration-refugees-citizenship/services/refugees/help-within-canada/health-care/interim-federal-health-program/services.html

## ਜੇਕਰ ਤੁਹਾਡੇ ਕੋਲ ਓ.ਐਚ.ਆਈ.ਪੀ. ਕਾਰਡ ਨਹੀਂ ਹੈ

ਜੇਕਰ ਤੁਹਾਡੇ ਕੋਲ ਪ੍ਰਾਈਵੇਟ ਬੀਮਾ ਨਹੀਂ ਹੈ, ਪਰੰਤੂ ਤੁਹਾਨੂੰ ਤਿੰਨ ਮਹੀਨੇ ਦੀ ਉਡੀਕ ਮਿਆਦ ਪੂਰੀ ਹੋਣ ਤੋਂ ਪਹਿਲਾਂ ਡਾਕਟਰ ਕੋਲ ਜਾਣ ਦੀ ਲੋੜ ਹੈ:

- ਜੇਕਰ ਐਮਰਜੈਂਸੀ ਦੀ ਸਥਿਤੀ ਹੈ ਤਾਂ 911 'ਤੇ ਫੋਨ ਕਰੋ
- ਗ਼ੈਰ-ਐਮਰਜੈਂਸੀ ਸਥਿਤੀਆਂ ਲਈ, ਇਹਨਾਂ ਨੂੰ ਸੰਪਰਕ ਕਰੋ:
    - ਫੋਨ 'ਤੇ ਮੁਫ਼ਤ ਡਾਕਟਰੀ ਸਲਾਹ ਲਈ1-866-797-0000 'ਤੇ ਟੈਲੀਹੈਲਥ (Telehealt)
    - ਤੁਹਾਡਾ local Community Health Centre (ਸਥਾਨਕ ਭਾਈਚਾਰਕ ਸਿਹਤ ਕੇਂਦਰ), ਤੁਸੀਂ ਸਿਹਤ ਸੇਵਾਵਾਂ ਪ੍ਰਾਪਤ ਕਰਨ ਯੋਗ ਹੋ ਸਕਦੇ ਹੋ
    - ਤੁਹਾਡੇ ਭਾਈਚਾਰੇ ਵਿੱਚ a settlement agency (ਇੱਕ ਸਥਾਪਨ ਏਜੰਸੀ), ਜੋ ਸਿਹਤ ਸੇਵਾਵਾਂ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ
    - apply for Interim Federal Health Program coverage (ਅੰਤਰਿਮ ਸੰਘੀ ਸਿਹਤ ਪ੍ਰੋਗਰਾਮ ਕਵਰੇਜ ਲਈ ਅਰਜ਼ੀ ਦਿਓ) ਜੇਕਰ ਤੁਸੀਂ ਸ਼ਰਨਾਰਥੀ ਦਾਅਵੇਦਾਰ ਜਾਂ ਮਨੁੱਖੀ ਵਪਾਰ ਦੇ ਸ਼ਿਕਾਰ ਹੋ - https://www.canada.ca/en/immigration-refugees-citizenship/services/refugees/help-within-canada/health-care/interim-federal-health-program/apply.html

- ਇੱਕ ਵਾਕ-ਇਨ (ਬਿਨਾਂ ਤੈਅ ਮੁਲਾਕਾਤ ਦੇ) ਕਲੀਨਿਕ ਵਿੱਚ ਜਾਓ ਅਤੇ ਸੇਵਾਵਾਂ ਲਈ ਸਿੱਧੇ ਭੁਗਤਾਨ ਕਰੋ (ਤੁਹਾਨੂੰ ਇਹਨਾਂ ਸੇਵਾਵਾਂ ਲਈ ਰਿਫੰਡ ਨਹੀਂ ਦਿੱਤਾ ਜਾਏਗਾ)

---

## ਡ੍ਰਾਈਵਿੰਗ ਲਸੰਸ ਪ੍ਰਾਪਤ ਕਰੋ

ਜੇਕਰ **ਤੁਹਾਡੇ ਕੋਲ ਪਹਿਲਾਂ ਤੋਂ ਹੀ** ਦੂਜੇ ਸੂਬੇ, ਰਾਜ ਜਾਂ ਦੇਸ਼ ਦਾ **ਇੱਕ ਵੈਧ ਡ੍ਰਾਈਵਿੰਗ ਲਸੰਸ ਹੈ**, ਤਾਂ ਤੁਸੀਂ ਉਹ ਲਸੰਸ 60 ਦਿਨਾਂ ਤੱਕ ਵਰਤ ਸਕਦੇ ਹੋ। 60 ਦਿਨਾਂ ਤੋਂ ਬਾਅਦ, ਤੁਹਾਨੂੰ ਓਨਟੈਰੀਓ ਡ੍ਰਾਈਵਿੰਗ ਲਸੰਸ ਵਿੱਚ ਬਦਲਣ ਦੀ ਲੋੜ ਹੋਵੇਗੀ।

Apply to exchange an out-of-province licence (ਸੂਬੇ-ਤੋਂ-ਬਾਹਰ ਲਸੰਸ ਦੀ ਬਦਲੀ ਲਈ ਅਰਜ਼ੀ ਦਿਓ)।

ਜੇਕਰ **ਤੁਹਾਡੇ ਕੋਲ ਇੱਕ ਵੈਧ ਡ੍ਰਾਈਵਿੰਗ ਲਸੰਸ ਨਹੀਂ ਹੈ** ਪਰੰਤੂ ਤੁਸੀਂ ਸੂਬੇ ਵਿੱਚ ਡ੍ਰਾਈਵ ਕਰਨਾ ਚਾਹੁੰਦੇ ਹੋ, ਤਾਂ ਤੁਹਾਡੀ ਉਮਰ ਘੱਟੋ-ਘੱਟ 16 ਸਾਲ ਹੋਣੀ ਲਾਜ਼ਮੀ ਹੈ ਅਤੇ ਤੁਹਾਡੇ ਕੋਲ ਓਨਟੈਰੀਓ ਡ੍ਰਾਈਵਿੰਗ ਲਸੰਸ ਹੋਣਾ ਚਾਹੀਦਾ ਹੈ। ਜਦੋਂ ਤੁਸੀਂ ਅੱਖਾਂ ਦਾ ਟੈਸਟ ਅਤੇ ਸੜਕ ਦੇ ਨਿਯਮਾਂ ਬਾਰੇ ਲਿਖਤੀ ਟੈਸਟ ਪਾਸ ਕਰ ਲਓ, ਤਾਂ ਤੁਸੀਂ ਇਹਨਾਂ ਲਈ ਅਰਜ਼ੀ ਦੇ ਸਕਦੇ ਹੋ

- ਇੱਕ ਜੀ. ਕਲਾਸ ਲਸੰਸ, ਜੇਕਰ ਤੁਸੀਂ ਕਾਰ, ਵੈਨ ਅਤੇ/ਜਾਂ ਛੋਟਾ ਟਰੱਕ ਚਲਾਉਣਾ ਚਾਹੁੰਦੇ ਹੋ
- ਇੱਕ ਐਮ. ਕਲਾਸ ਲਸੰਸ, ਜੇਕਰ ਤੁਸੀਂ ਮੋਟਰਸਾਈਕਲ, ਮੋਟਰ ਸਕੂਟਰ ਅਤੇ/ਜਾਂ ਮੋਪੇਡ ਚਲਾਉਣਾ ਚਾਹੁੰਦੇ ਹੋ

Get a G driver’s licence for new drivers (ਨਵੇਂ ਡ੍ਰਾਈਵਰਾਂ ਲਈ ਇੱਕ ਜੀ. ਡ੍ਰਾਈਵਿੰਗ ਲਸੰਸ ਪ੍ਰਾਪਤ ਕਰੋ)।

ਇਹਨਾਂ ਬਾਰੇ ਹੋਰ ਜਾਣੋ:

- getting a motorcycle licence (ਮੋਟਰਸਾਈਕਲ ਲਸੰਸ ਪ੍ਰਾਪਤ ਕਰਨਾ)
- the Driver’s Handbook, the guide to help you study for your written test (ਡ੍ਰਾਈਵਰ ਦੀ ਹੈਂਡਬੁੱਕ, ਤੁਹਾਡੇ ਲਿਖਤੀ ਟੈਸਟ ਲਈ ਪੜ੍ਹਾਈ ਕਰਨ ਵਿੱਚ ਤੁਹਾਡੀ ਮਦਦ ਲਈ ਗਾਈਡ)
- what happens if you are convicted of breaking driving laws (ਕੀ ਹੁੰਦਾ ਹੈ, ਜੇਕਰ ਤੁਸੀਂ ਡ੍ਰਾਈਵਿੰਗ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ੀ ਹੋਵੋ)

---

## ਟ੍ਰਾਂਸਪੋਰਟੇਸ਼ਨ

### ਪਬਲਿਕ ਟ੍ਰਾਂਸਪੋਰਟੇਸ਼ਨ

ਪਬਲਿਕ ਟ੍ਰਾਂਸਪੋਰਟੇਸ਼ਨ ਸੂਬੇ ਵਿੱਚ ਜ਼ਿਆਦਾਤਰ ਸ਼ਹਿਰਾਂ ਅਤੇ ਖੇਤਰਾਂ ਵਿੱਚ ਉਪਲਬਧ ਹੈ। ਤੁਸੀਂ ਇਹਨਾਂ ਵਿੱਚੋਂ ਚੋਣ ਕਰ ਸਕਦੇ ਹੋ:

- ਸਥਾਨਕ ਜਾਂ ਖੇਤਰੀ ਬੱਸਾਂ
- ਅਪਾਹਜ ਲੋਕਾਂ ਲਈ ਟ੍ਰਾਂਸਪੋਰਟੇਸ਼ਨ ਸੇਵਾਵਾਂ
- ਟ੍ਰੇਨਾਂ
- ਪ੍ਰਾਈਵੇਟ ਕੋਚ ਬੱਸਾਂ
- ਸਟ੍ਰੀਟਕਾਰਾਂ ਅਤੇ/ਜਾਂ ਸਬਵੇ (ਟੋਰੋਂਟੋ ਵਿੱਚ)

ਤੁਹਾਨੂੰ ਸੂਬੇ ਵਿੱਚ ਜ਼ਿਆਦਾਤਰ ਟ੍ਰਾਂਸਪੋਰਟੇਸ਼ਨ ਲਈ ਭੁਗਤਾਨ ਕਰਨਾ ਪਵੇਗਾ। ਕਿਰਾਏ ਦੀ ਕੀਮਤ ਤੁਹਾਡੀ ਉਮਰ, ਸਥਾਨ ਅਤੇ ਟਿਕਾਣੇ ਦੇ ਆਧਾਰ 'ਤੇ ਵੱਖ-ਵੱਖ ਹੋ ਸਕਦੀ ਹੈ।

ਇਹਨਾਂ ਬਾਰੇ ਹੋਰ ਜਾਣੋ:

- transportation for seniors and people with short and long-term disabilities (ਬਜ਼ੁਰਗਾਂ ਅਤੇ ਛੋਟੀ ਅਤੇ ਲੰਮੀ-ਮਿਆਦ ਦੇ ਅਪਾਹਜਾਂ ਲਈ ਟ੍ਰਾਂਸਪੋਰਟੇਸ਼ਨ)
- public transit in your city/region (ਤੁਹਾਡੇ ਸ਼ਹਿਰ/ਖੇਤਰ ਵਿੱਚ ਪਬਲਿਕ ਟ੍ਰਾਂਜ਼ਿਟ)
- GO Transit trains and buses (ਗੋ ਟ੍ਰਾਂਜ਼ਿਟ ਟ੍ਰੇਨਾਂ ਅਤੇ ਬੱਸਾਂ)
- VIA rail trains and schedules (ਵਾਇਆ ਰੇਲ ਟ੍ਰੇਨਾਂ ਅਤੇ ਸਮਾਂ-ਸੂਚੀਆਂ)

### ਸਕੂਲ ਟ੍ਰਾਂਸਪੋਰਟੇਸ਼ਨ

ਜੇਕਰ ਤੁਹਾਨੂੰ ਆਪਣੇ ਬੱਚਿਆਂ ਲਈ, ਸਕੂਲ ਆਉਣ-ਜਾਣ ਲਈ ਟ੍ਰਾਂਸਪੋਰਟੇਸ਼ਨ ਦਾ ਪ੍ਰਬੰਧ ਕਰਨ ਦੀ ਲੋੜ ਹੈ, ਤਾਂ Contact your local school board (ਆਪਣੇ ਸਥਾਨਕ ਸਕੂਲ ਬੋਰਡ ਨੂੰ ਸੰਪਰਕ ਕਰੋ)।

---

## ਐਮਰਜੈਂਸੀ ਦੇ ਦੌਰਾਨ ਕਿਸਨੂੰ ਫੋਨ ਕੀਤਾ ਜਾਏ

**ਜੇਕਰ ਐਮਰਜੈਂਸੀ ਦੀ ਸਥਿਤੀ ਹੈ, ਤਾਂ 911 'ਤੇ ਫੋਨ ਕਰੋ।**

ਓਨਟੈਰੀਓ ਵਿੱਚ ਲੋਕਾਂ ਨੂੰ ਇਹਨਾਂ ਬਾਰੇ ਸੰਕਟ ਸੂਚਨਾਵਾਂ ਦੇਣ ਲਈ ਇੱਕ ਐਮਰਜੈਂਸੀ ਤਿਆਰੀ ਪ੍ਰਣਾਲੀ ਸਥਾਪਤ ਹੈ:

- ਸਰਦੀ ਦੇ ਤੂਫ਼ਾਨ

- ਗਰਜ ਅਤੇ ਤੂਫ਼ਾਨ
- ਜੰਗਲ ਦੀ ਅੱਗ
- ਝੱਖੜ
- ਹੜ੍ਹ
- ਬੇਹੱਦ ਗਰਮੀ
- ਨਿਊਕਲੀਅਰ ਸਬੰਧੀ ਐਮਰਜੈਂਸੀ
- ਸਿਹਤ ਸਬੰਧੀ ਪ੍ਰਕੋਪ
- ਭੁਚਾਲ

ਐਮਰਜੈਂਸੀ ਦੇ ਦੌਰਾਨ Sign up for email and text alerts (ਸੰਕਟ ਸੂਚਨਾਵਾਂ ਈਮੇਲ ਅਤੇ ਟੈਕਸਟ ਲਈ ਸਾਈਨ ਅਪ ਕਰੋ)।

how to prepare for an emergency (ਐਮਰਜੈਂਸੀ ਨਾਲ ਨਿਪਟਣ ਲਈ ਤਿਆਰੀ ਕਿਵੇਂ ਕੀਤੀ ਜਾਏ) ਬਾਰੇ ਹੋਰ ਜਾਣੋ।